Taxi & Limousine Commission

Punjabi / ਪੰਜਾਬੀ

## **Renewal Instructions and Checklist/ ਨਵੀਨੀਕਰਨ ਸੰਬੰਧੀ ਹਿਦਾਇਤਾਂ ਅਤੇ ਚੈੱਕਲਿਸਟ**

ਪਿਆਰੇ ਵਪਾਰਕ ਮਾਲਕ:

ਲਾਇਸੰਸ ਨਵੀਨੀਕਰਨ ਸੰਬੰਧੀ ਸਾਰੀਆਂ ਜ਼ਰੂਰਤਾਂ, ਲਾਇਸੰਸ ਦੀ ਮਿਆਦ ਸਮਾਪਤ ਹੋਣ ਦੀ ਮਿਤੀ ਤੱਕ ਜਮ੍ਹਾਂ ਕਰਵਾਈਆਂ ਜਾਣੀਆਂ ਚਾਹੀਦੀਆਂ ਹਨ। ਜੇਕਰ ਸਾਰੀਆਂ ਜ਼ਰੂਰਤਾਂ, ਮਿਆਦ ਸਮਾਪਤ ਹੋਣ ਦੀ ਮਿਤੀ ਤੱਕ ਪੂਰੀ ਨਹੀਂ ਕੀਤੀਆਂ ਜਾਂਦੀਆਂ, ਤਾਂ ਲਾਇਸੰਸ ਦੇ ਨਵੀਨੀਕਰਨ ਤੋਂ ਇਨਕਾਰ ਕਰ ਦਿੱਤਾ ਜਾਵੇਗਾ।

ਜੇਕਰ **ਵਪਾਰਕ ਬਿਲਡਿੰਗਾਂ, ਮਲਕੀਅਤ ਅਤੇ / ਜਾਂ ਵਪਾਰਕ ਨਾਮ** ਵਿੱਚ ਕੋਈ ਤਬਦੀਲੀ ਕੀਤੀ ਜਾਂਦੀ ਹੈ, ਤਾਂ ਅਜਿਹੀਆਂ ਤਬਦੀਲੀਆਂ ਨੂੰ ਦਰਸਾਉਣ ਲਈ ਐਪਲੀਕੇਸ਼ਨ ਦੀ ਤਬਦੀਲੀ ਜ਼ਰੂਰ ਜਮ੍ਹਾਂ ਕਰਵਾਉਣੀ ਚਾਹੀਦੀ ਹੈ। ਐਪਲੀਕੇਸ਼ਨਾਂ ਲਈ ਇੱਥੇ ਕਲਿੱਕ ਕਰੋ।

**ਨੋਟ ਕਰੋ:**
ਕਿਰਾਏ-'ਤੇ ਲੈਣ ਸੰਬੰਧੀ ਸਾਰੇ ਬੇਸਾਂ ਨੂੰ ਵ੍ਹੀਲਚੇਅਰ ਦੀ ਪਹੁੰਚਯੋਗ ਵਾਲੇ ਵਾਹਨ ਨੂੰ ਭੇਜਣ ਦੀ ਜ਼ਰੂਰਤ ਨੂੰ ਪੂਰਾ ਕਰਨਾ ਲਾਜ਼ਮੀ ਹੈ। ਜ਼ਰੂਰਤ ਬਾਰੇ ਵਧੇਰੇ ਜਾਣਕਾਰੀ ਲਈ ਇਸ ਵੈੱਬਸਾਈਟ 'ਤੇ ਵਿਜ਼ਿਟ ਕਰੋ https://www1.nyc.gov/site/tlc/about/fhv-accessibility- base.page।

## **ਨਵੀਨੀਕਰਨ ਦਾ ਭੁਗਤਾਨ ਅਤੇ ਦਸਤਾਵੇਜ਼ ਜਮ੍ਹਾਂ ਕਰਨ ਸੰਬੰਧੀ ਹਿਦਾਇਤਾਂ**

1. **ਔਨ-ਲਾਈਨ ਭੁਗਤਾਨ:** ਇਸ ਵੈੱਬਸਾਈਟ 'ਤੇ ਨਵੀਨੀਕਰਨ ਦਾ ਭੁਗਤਾਨ ਕਰੋ https://www1.nyc.gov/lars/
   - 3-ਸਾਲ ਦੇ ਐੱਫ.ਐੱਚ.ਵੀ. (FHV) ਬੇਸ ਅਤੇ ਪੈਰਾ-ਟ੍ਰਾਂਸਿਟ ਲਾਇਸੰਸ ਅਥਾਰਟੀ ਲਈ $1,500.00 ਦੀ ਨਵੀਨੀਕਰਨ ਫੀਸ
   - 2-ਸਾਲ ਦੇ ਕੰਮਿਊਟਰ ਵੈਨ (VN) ਲਾਇਸੰਸ ਅਥਾਰਟੀ ਲਈ $550 ਦੀ ਨਵੀਨੀਕਰਨ ਫੀਸ
   - **ਐੱਸ.ਐੱਚ.ਐੱਲ ਸਮਰਥਨ ਨਵੀਨੀਕਰਨ ਐਪਲੀਕੇਸ਼ਨ (SHL Endorsement Renewal Application)** ਨੂੰ ਈਮੇਲ ਰਾਹੀਂ ਇਸ ਪਤੇ 'ਤੇ ਜਮ੍ਹਾਂ ਕਰਵਾਉਣਾ ਲਾਜ਼ਮੀ ਹੈ: businessmr@tlc.nyc.gov
     3-ਸਾਲ ਲਈ $3,000.00 ਦੀ ਐੱਸ.ਐੱਚ.ਐੱਲ-ਸਮਰਥਨ ਨਵੀਨੀਕਰਨ ਫੀਸ, **ਵਿਅਕਤੀਗਤ ਰੂਪ ਵਿੱਚ ਸਿਰਫ਼** ਮੁਲਾਕਾਤ ਰਾਹੀਂ। ਅਸੀਂ ਐਪਲੀਕੇਸ਼ਨ ਦੀ ਸਮੀਖਿਆ ਕਰਾਂਗੇ ਅਤੇ ਉਸ ਮੁਤਾਬਕ ਮੁਲਾਕਾਤ ਦੀ ਮਿਤੀ ਨਿਰਧਾਰਤ ਕਰਾਂਗੇ।

2. **ਦਸਤਾਵੇਜ਼ ਜਮ੍ਹਾਂ ਕਰਨਾ**:
   - ਦਸਤਾਵੇਜ਼ਾਂ ਨੂੰ ਸਕੈਨ ਕਰੋ ਅਤੇ ਇਸ ਪਤੇ 'ਤੇ ਈਮੇਲ ਕਰੋ: businessmr@tlc.nyc.gov
   - ਸਿਰਫ਼ PDF ਅਟੈਚਮੈਂਟਾਂ ਹੀ ਸਵੀਕਾਰ ਕੀਤੀਆਂ ਜਾਂਦੀਆਂ ਹਨ
   - ਲੇਬਲ ਜਾਂ ਨਾਮ ਵਾਲੀਆਂ ਅਟੈਚਮੈਂਟਾਂ

Taxi & Limousine Commission

Punjabi / ਪੰਜਾਬੀ

**3. ਤੁਹਾਡੇ ਬੇਸ ਨਵੀਨੀਕਰਨ ਨੂੰ ਪੂਰਾ ਕਰਨ ਲਈ, ਹੇਠ ਲਿਖਿਆਂ ਚੀਜ਼ਾਂ ਦੀ ਲੋੜ ਹੈ:**

| ਜ਼ਰੂਰਤਾਂ | ਲਿਵਰੀ | ਬਲੈਕ ਕਾਰ | ਲਗਜ਼ਰੀ | ਪੈਰਾਟ੍ਰਾਂਜ਼ਿਟ | ਕਮਿਊਟਰ ਵੈਨ |
|---|---|---|---|---|---|
| **ਨਿਊ ਯਾਰਕ ਸ਼ਹਿਰ ਦੇ ਲਾਭ ਲਈ $5,000 ਦਾ ਜ਼ਮਾਨਤੀ ਬਾਂਡ** | ✓ | ✓ | ✓ | | |
| **ਵਿਆਪਕ ਓਪਰੇਟਿੰਗ ਯੋਜਨਾ (COP)**। ਹਿਦਾਇਤਾਂ ਨੂੰ ਇੱਥੇਦੇਖਿਆ ਜਾ ਸਕਦਾ ਹੈ। | ✓ | | | | |
| **ਸਿਟੀ ਕੌਂਸਲ ਦੇ ਮੈਂਬਰ ਅਤੇ ਭਾਈਚਾਰਕ ਬੋਰਡ ਤੋਂ ਮਨਜ਼ੂਰੀ ਦਾ ਬਿਆਨ:**<br>ਦੋਵਾਂ ਸੰਸਥਾਵਾਂ ਵੱਲੋਂ ਕੋਈ ਇਤਰਾਜ਼ ਨਹੀਂ ਵਾਲਾ ਪੱਤਰ ਜਮ੍ਹਾਂ ਕਰਵਾਉਣਾ ਚਾਹੀਦਾ ਹੈ, ਜਾਂ<br>ਪ੍ਰਮਾਣਿਤ ਵਾਪਸੀ-ਰਸੀਦ ਦੇ ਨਾਲ ਹਰੇਕ ਇਕਾਈ ਨੂੰ ਭੇਜੇ ਗਏ ਪੱਤਰ ਦੀ ਇੱਕ ਕਾਪੀ। | ✓ | | | | |
| **ਆਫ਼-ਸਟ੍ਰੀਟ ਪਾਰਕਿੰਗ ਦੀ ਪੁਸ਼ਟੀ:** ਪੁਸ਼ਟੀਕਰਨਨੂੰ ਪੂਰਾ ਕਰਨਾ ਅਤੇ ਜਮ੍ਹਾਂ ਕਰਨਾ ਲਾਜ਼ਮੀ ਹੈ। | ✓ | | | | |
| **ਫ਼ੋਟੋ ਦੀ ਪਛਾਣ** – ਸਾਰੇ ਪ੍ਰਿੰਸੀਪਲਾਂ, ਅਧਿਕਾਰੀਆਂ ਅਤੇ ਪ੍ਰਬੰਧਕਾਂ ਲਈ। ਵੈਧ, ਸਰਕਾਰ ਦੁਆਰਾ ਜਾਰੀ ਕੀਤੀ ਗਈ ਪਛਾਣ ਲੋੜੀਂਦੀ ਹੈ। | ✓ | ✓ | ✓ | ✓ | ✓ |
| **ਕਰਮਚਾਰੀਆਂ ਦੇ ਮੁਆਵਜ਼ੇ ਸੰਬੰਧੀ ਬੀਮੇ ਦਾ ਸਰਟੀਫਿਕੇਟ**<br>ਜਾਂ<br>**ਨਿਊ ਯਾਰਕ ਬਲੈਕ ਕਾਰ ਓਪਰੇਟਰਾਂ ਦੀ ਸੱਟ ਲੱਗਣ ਸੰਬੰਧੀ ਮੁਆਵਜ਼ੇ ਦਾ ਫੰਡ, ਇੰਕ. ਵਿੱਚ ਮੈਂਬਰਸ਼ਿਪ ਦਾ ਸਬੂਤ**<br>(ਸਿਰਫ਼ ਬਲੈਕ ਅਤੇ ਲਗਜ਼ਰੀ ਬੇਸ) | ✓ | ✓ | ✓ | ✓ | ✓ |
| **ਵਪਾਰਕ ਲੀਜ਼ ਦੀ ਪੁਸ਼ਟੀ**: ਪੁਸ਼ਟੀਕਰਨਨੂੰ ਪੂਰਾ ਕਰਨਾ ਅਤੇ ਜਮ੍ਹਾਂ ਕਰਨਾ। | ✓ | ✓ | ✓ | ✓ | ✓ |
| **ਜ਼ੋਨ ਰੇਟ** ਸ਼ਡਿਊਲਡ ਨਕਸ਼ਾ ਜਾਂ **ਕਿਰਾਏ ਦੀ ਕਿਤਾਬ ਦੀ ਦਰ**, ਜੋ ਵੀ<br>ਉੱਚਿਤ ਹੋਵੇ | ✓ | ✓ | ✓ | ✓ | |
| ਸਭ ਤੋਂ ਹਾਲੀਆ **ਫਰੈਂਚਾਈਜ਼ ਇਕਰਾਰਨਾਮੇ** ਵਾਲੇ ਪ੍ਰਵਾਨਗੀ ਪੱਤਰ ਦੀ ਕਾਪੀ<br>, ਜਾਂ<br>ਫਰੈਂਚਾਈਜ਼ ਇਕਰਾਰਨਾਮੇ ਵਾਲੇ ਪੱਤਰ ਦੀ ਰਸੀਦ,<br>ਜਾਂ<br>ਬਿਆਨ ਵਾਲਾ ਪੱਤਰ, ਜਿਸ ਵਿੱਚ ਇਹ ਕਿਹਾ ਗਿਆ ਹੋਵੇ ਕਿ ਵਪਾਰਕ ਸੰਸਥਾ ਦਾ **ਸਹਿਕਾਰੀ ਦਰਜਾ** ਹੈ। | | ✓ | | | |
| **ਜਾਣਕਾਰੀ ਦੀ ਸੁਰੱਖਿਆ ਅਤੇ ਨਿੱਜੀ ਜਾਣਕਾਰੀ ਸੰਬੰਧੀ ਨੀਤੀ ਦੀ ਵਰਤੋਂ:**<br>Disclosure/ਖੁਲਾਸੇਨੂੰ ਪੂਰਾ ਕਰਨਾ ਅਤੇ ਜਮ੍ਹਾਂ ਕਰਨਾ। | ✓ | ✓ | ✓ | | |
| **ਡਿਸਪੈਚ ਐਪ ਖੁਲਾਸਾ :** ਪੁਸ਼ਟੀਕਰਨਨੂੰ ਪੂਰਾ ਕਰਨਾ ਅਤੇ ਜਮ੍ਹਾਂ ਕਰਨਾ। | ✓ | ✓ | ✓ | | |
| ਟੈਲੀਫ਼ੋਨ ਨੰਬਰ ਦੇ ਨਾਲ ਬੇਸ ਦੇ ਸਭ ਤੋਂ ਹਾਲੀਆ ਫ਼ੋਨ ਬਿੱਲ ਦੀ ਕਾਪੀ: | ✓ | ✓ | ✓ | ✓ | ✓ |
| ਬੇਸ, **ਬੇਸ ਨਾਲ ਘੱਟੋ-ਘੱਟ 10 ਵਾਹਨਾਂ ਵਿੱਚ ਜੁੜੇ ਹੋਣੇ ਚਾਹੀਦੇ ਹਨ** ਜਾਂ<br>**5 ਵਾਹਨ** (1 ਵਾਹਨ ਨੂੰ ਵ੍ਹੀਲਚੇਅਰ ਦੀ ਪਹੁੰਚਯੋਗ ਵਾਲਾ ਵਾਹਨ ਹੋਣਾ ਲਾਜ਼ਮੀ ਹੈ)<br>(**PR ਅਤੇ CV ਅਧਾਰ –** ਘੱਟੋ-ਘੱਟ ਇੱਕ (1) ਵਾਹਨ ਨਾਲ ਜੁੜੇ ਹੋਣ ਦੀ ਲੋੜ ਹੈ) | ✓ | ✓ | ✓ | ✓ | ✓ |
| **ਟੀ.ਐੱਲ.ਸੀ. (TLC) ਲਈ ਕੋਈ ਫ਼ੈਸਲਾ ਬਾਕੀ ਨਹੀਂ ਹੈ:**<br>ਸਾਰੀਆਂ ਮੁਅੱਤਲਿਆਂ  ਰੱਦ ਕੀਤੀਆਂ ਹੋਇਆਂ ਹੋਈਆਂ ਚਾਹੀਦੀਆਂ ਹਨ, ਅਤੇ ਫ਼ੈਸਲੇ ਹੋ ਚੁੱਕੇ ਹੋਣੇ ਚਾਹੀਦੇ ਹਨ। | ✓ | ✓ | ✓ | ✓ | ✓ |